# ਦਫਤਰ ਜਿਲ੍ਹਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ ਨੰ: ੨੯੨੦

## ਹੁਕਮ

ਕਰੋਨਾ ਵਾਇਰਸ ਦੇ ਸੰਕਰਮਣ ਦੀ ਲੜੀ ਤੋੜਣ ਲਈ ਨਿਮਨਹਸਤਾਖਰ ਵਲੋਂ ਸੀ.ਆਰ.ਪੀ.ਸੀ 1973 ਦੀ ਧਾਰਾ 144 ਅਧੀਨ ਜਿਲ੍ਹਾ ਪਠਾਨਕੋਟ ਅੰਦਰ ਹੁਕਮ ਨੰ: ਐਮ.ਏ/ 1710-57, ਮਿਤੀ 23 ਮਾਰਚ, 2020 ਰਾਹੀਂ ਕਰਫਿਊ ਦਾ ਹੁਕਮ ਜਾਰੀ ਕੀਤਾ ਗਿਆ ਸੀ।

ਜਦੋਂਕਿ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਭਾਰਤ ਸਰਕਾਰ ਅਤੇ ਸੂਬਾ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹੋਈਆਂ ਹਦਾਇਤਾਂ ਦੇ ਸਨਮੁੱਖ ਜਿਲ੍ਹਾ ਪਠਾਨਕੋਟ ਅੰਦਰ ਦੁਕਾਨਾਂ ਦੇ ਖੁੱਲ੍ਹਣ ਸਬੰਧੀ ਇਸ ਦਫਤਰ ਵਲੋਂ ਆਪਣੇ ਹੁਕਮ ਨੰ: 2816, ਜੋ ਕਿ ਪਿੱਠ ਅੰਕਣ ਨੰ: ਐਮ.ਏ/ 2817-34, ਮਿਤੀ 07.05.2020 ਰਾਹੀਂ ਜਾਰੀ ਜਿਥੇ ਪਹਿਲਾਂ ਦੁਕਾਨਾਂ ਦੇ ਖੁੱਲ੍ਹਣ ਦਾ ਸਮਾਂ ਸਵੇਰੇ 09:00 ਵਜੇ ਤੋਂ ਦੁਪਹਿਰ 01:00 ਵਜੇ ਤੱਕ ਦਾ ਕੀਤਾ ਗਿਆ ਸੀ, ਇਸ ਸਬੰਧੀ ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਚੰਡੀਗੜ੍ਹ ਵਲੋਂ ਮਿਤੀ 06.05.2020 ਰਾਹੀਂ ਜਾਰੀ ਹੋਈਆਂ ਹਦਾਇਤਾਂ ਦੇ ਸਨਮੁੱਖ ਜਿਲ੍ਹਾ ਪਠਾਨਕੋਟ ਅੰਦਰ ਦੁਕਾਨਾਂ ਦੇ ਖੁੱਲ੍ਹਣ ਦਾ ਸਮਾਂ ਸਵੇਰੇ 07:00 ਵਜੇ ਤੋਂ ਬਾਅਦ ਦੁਪਹਿਰ 03:00 ਵਜੇ ਤੱਕ ਦਾ ਨਿਸ਼ਚਿਤ ਕੀਤਾ ਗਿਆ ਸੀ।

ਕਿਉਂਜੋ ਇਸ ਸਬੰਧੀ ਹੁਣ ਮੁੜ ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਚੰਡੀਗੜ੍ਹ ਵਲੋਂ ਆਪਣੇ ਪੱਤਰ ਨੰ: SS/ACSH/2020/420, ਮਿਤੀ 14.05.2020 ਰਾਹੀਂ ਪੰਜਾਬ ਰਾਜ ਵਿੱਚ ਦੁਕਾਨਾਂ ਦੇ ਖੁੱਲ੍ਹਣ ਸਬੰਧੀ ਸਮੇਂ ਵਿੱਚ ਬਦਲਾਵ ਕੀਤਾ ਗਿਆ ਹੈ। ਇਸ ਲਈ ਇਸ ਦਫਤਰ ਵਲੋਂ ਜਾਰੀ ਕੀਤੇ ਗਏ ਉਕਤ ਹੁਕਮ ਮਿਤੀ 07.05.2020 ਦੀ ਲਗਾਤਾਰਤਾ ਵਿੱਚ ਹੁਣ ਜਿਲ੍ਹਾ ਪਠਾਨਕੋਟ ਅੰਦਰ ਮਿਤੀ 15.05.2020 ਤੋਂ ਦੁਕਾਨਾਂ ਦੇ ਖੁੱਲ੍ਹਣ ਦਾ ਸਮਾਂ ਹੇਠ ਅਨੁਸਾਰ ਨਿਸ਼ਚਿਤ ਕੀਤਾ ਜਾਂਦਾ ਹੈ:-

- **ਦੁਕਾਨਾਂ ਖੁੱਲ੍ਹਣ ਦਾ ਸਮਾਂ ਸਵੇਰੇ 07:00 ਵਜੇ ਤੋਂ ਸ਼ਾਮ 06:00 ਵਜੇ ਤੱਕ ਦਾ ਹੋਵੇਗਾ।**

ਬਾਕੀ ਸਾਰੀਆਂ ਸ਼ਰਤਾਂ ਇਸ ਦਫਤਰ ਵਲੋਂ ਪਹਿਲਾਂ ਜਾਰੀ ਕੀਤੇ ਗਏ ਹੁਕਮ ਮਿਤੀ 05.05.2020 ਅਨੁਸਾਰ ਕਾਇਮ ਰਹਿਣਗੀਆਂ।

DISTRICT MAGISTRATE PATHANKOT

ਮਿਤੀ:14.05.2020

(ਗੁਰਪ੍ਰੀਤ ਸਿੰਘ ਖਹਿਰਾ), ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।

ਪਿੱਠ ਅੰਕਣ ਨੰ: ਐਮ.ਏ/ ੨੯੨੧-38

ਮਿਤੀ: 14/05/2020

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
3) ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
4) ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।

5) ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
6) ਵਧੀਕ ਡਿਪਟੀ ਕਮਿਸ਼ਨਰ (ਜ), ਪਠਾਨਕੋਟ।
7) ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰਕਲਾਂ।
8) ਸਹਾਇਕ ਕਮਿਸ਼ਨਰ (ਜਨਰਲ/ਸ਼ਿਕਾਇਤਾਂ), ਪਠਾਨਕੋਟ।
9) ਸਿਵਲ ਸਰਜਨ, ਪਠਾਨਕੋਟ।
10) ਜਿਲ੍ਹਾ ਮਾਲ ਅਫਸਰ, ਪਠਾਨਕੋਟ।
11) ਤਹਿਸੀਲਦਾਰ, ਪਠਾਨਕੋਟ/ਧਾਰਕਲਾਂ।
12) ਜਿਲ੍ਹਾ ਲੋਕ ਸੰਪਰਕ ਅਫਸਰ, ਪਠਾਨਕੋਟ ਨੂੰ ਜਨਤਕ ਸੂਚਨਾ ਹਿੱਤ।
13) ਜਿਲ੍ਹਾ ਖੁਰਾਕ ਸਿਵਲ ਸਪਲਾਈਜ਼ ਕੰਟਰੋਲਰ, ਪਠਾਨਕੋਟ।
14) ਸਮੂਹ ਵਿਭਾਗਾਂ ਦੇ ਮੁਖੀ, ਜਿਲ੍ਹਾ ਪਠਾਨਕੋਟ।
15) ਨਿੱਜੀ ਸਹਾਇਕ ਟੂ ਡਿਪਟੀ ਕਮਿਸ਼ਨਰ ਨੂੰ ਰਿਕਾਰਡ ਹਿੱਤ।

(ਗੁਰਪ੍ਰੀਤ ਸਿੰਘ ਖਹਿਰਾ), ਆਈ.ਏ.ਐਸ
ਜਿਲ੍ਹਾ ਮੈਜਿਸਟਰੇਟ, ਪਠਾਨਕੋਟ।